# ਪੌੜੀ 3

**ਕੇਂਦਰੀ ਭਾਵ: ਕਾਬਲ-ਏ-ਤਾਰੀਫ, ਸ਼ਲਾਘਾਯੋਗ, ਅਸੀਮ, ਬੇਪਰਵਾਹ...**

ਪਰਮਾਤਮਾ ਦੇ ਰੂਪਾਂਤਰਣ ਦੇ ਅਸੰਖ ਵਰਣਨ ਹਨ ਪਰ ਸਭ ਅਧੂਰੇ ਹਨ। ਅਧੂਰਾ ਮਨੁੱਖ ਪੂਰੇ ਦਾ ਵਰਣਨ ਕਿਵੇਂ ਕਰ ਸਕੇਗਾ। ਜੋ ਗੀਤ ਗਾ ਸਕਦੇ ਹਨ ਉਹ ਉਸਦੇ ਗੁਣਾਂ ਦਾ ਗੀਤ ਗਾਉਂਦੇ ਹਨ। ਲੇਕਿਨ ਫਿਰ ਵੀ ਉਹ ਜੋ ਅਦਿੱਖ ਹੈ ਅਲਖ ਹੀ ਰਹਿ ਜਾਂਦਾ ਹੈ। ਹੁਣ ਤਕ ਅਸੀਂ ਉਸਦਾ ਪੂਰਾ ਗੁਣਗਾਣ ਨਹੀਂ ਕਰ ਸਕੇ ਕਿਉਂਕਿ ਇਹ ਸਭ ਸੀਮਿਤ ਕੋਸ਼ਿਸ਼ਾਂ ਹਨ ਤਾਂ ਕਿ ਮਨੁੱਖ ਦਾ ਮੰਨ ਉਸ ਪਰਮਾਤਮਾ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਏ।

ਉਸਦੇ ਗੁਣਗਾਣ ਦਾ ਅੰਤ ਨਹੀਂ। ਕਰੋੜਾਂ ਵਾਰ ਕਹਿਣ ਨਾਲ ਵੀ ਉਹ ਅਣ-ਕਿਹਾ ਹੀ ਪਿਛੇ ਛੁੱਟ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਸਾਰੇ ਵਿਚਾਰ ਠੀਕ ਹਨ ਪਰ ਮੁਕੰਮਲ ਇਕ ਵੀ ਨਹੀਂ ਹੈ। ਚਾਹੇ ਅਸੀਂ ਕਰੋੜਾਂ ਤਰੀਕਿਆਂ ਨਾਲ ਸਮਝਾਇਐ ਪਰ ਫੇਰ ਵੀ ਬਹੁਤ ਕੁਝ ਸਮਝਾਂਣ ਤੋ ਰਹਿ ਜਾਏਗਾ ਕਿਉਂਕਿ ਪਰਮਾਤਮਾ ਅਸੀਮ ਹੈ ।

ਦਾਤਾ ਦੇਂਦਾ ਹੀ ਰਹਿੰਦਾ ਹੈ। ਲੈਣ ਵਾਲੇ ਲੈਂਦੇ-ਲੈਂਦੇ ਥੱਕ ਜਾਂਦੇ ਹਨ। ਜੀਵਨ ਉਹ ਹੀ ਦੇਂਦਾ ਹੈ। ਸੁਆਸ ਉਹ ਹੀ ਚਲਾਉਂਦਾ ਹੈ। ਧੜਕਣ ਵਿੱਚ ਉਹ ਹੀ ਧੜਕਦਾ ਹੈ। ਉਹ ਦੇਂਦਾ ਹੀ ਰਹਿੰਦਾ ਹੈ। ਉਸਦੇ ਦੇਣ ਵਿੱਚ ਕੋਈ ਅੰਤ ਨਹੀਂ। ਅਤੇ ਉਸਦੇ ਬਦਲੇ ਸਾਥੋਂ ਕੁਝ ਮੰਗਦਾ ਵੀ ਨਹੀਂ। ਇਹ ਵਿਰਾਟ ਜੀਵਨ ਸਾਨੂੰ ਇਵੇਂ ਹੀ ਦਾਨ ਵਿੱਚ ਮਿਲਿਆ ਹੈ। ਅਸੀਂ ਮੰਗਿਆ ਵੀ ਨਹੀਂ ਸੀ, ਬਿਨਾਂ ਮੰਗੇ ਮਿਲਿਆ ਹੈ। ਫਿਰ ਵੀ ਅਸੀਂ ਆਭਾਰ ਪ੍ਰਗਟ ਨਹੀਂ ਕਰਦੇ। ਅਤੇ ਜਿਸ ਦਿਨ ਤੁਹਾਨੂੰ ਇਹ ਬੋਧ ਹੋਣਾ ਸ਼ੁਰੂ ਹੋਏਗਾ, ਕਿ ਜੋ ਵੀ ਮਿਲਿਆ ਹੈ ਉਸਦੇ 'ਚ ਮੇਰੀ ਪਾਤ੍ਰਤਾ ਕੀ ਹੈ? ਅਤੇ ਤੁਹਾਡੀ ਕੀ ਯੋਗਤਾ ਹੈ ਕਿ ਤੁਹਾਨੂੰ ਜੀਵਨ ਮਿਲੇ? ਤੁਸੀ ਕਿਸ ਤਰਾਂ ਇਸਨੂੰ ਅਰਜਿਤ ਕੀਤਾ ਹੈ? ਤੁੱਛ ਗੱਲਾਂ ਲਈ ਧੰਨਵਾਦ ਦੇ ਦਿੰਦੇ ਹੋ, ਤੁਹਾਡਾ ਰੁਮਾਲ ਡਿੱਗ ਪਿਆ ਅਤੇ ਕਿਸੇ ਨੇ ਚੁੱਕ ਕੇ ਦੇ ਦਿੱਤਾ, ਤਾਂ ਤੁਸੀਂ ਕਹਿੰਦੇ ਹੋ,"ਧੰਨਵਾਦ"। ਅਤੇ ਜਿਸਨੇ ਤੁਹਾਨੂੰ ਜੀਵਨ ਦਿੱਤਾ ਹੈ, ਤੁਸੀਂ ਉਸਦੇ ਲਈ ਧੰਨਵਾਦ ਦੇਣ ਲਈ ਕਦੇ ਨਹੀਂ ਗਏ। ਅਤੇ ਜਦ ਵੀ ਗਏ ਸ਼ਿਕਾਇਤ ਲੈ ਕੇ ਗਏ, ਇਹ ਦੱਸਣ ਗਏ ਕੀ-ਕੀ ਤੂੰ ਗਲਤ ਕਰ ਰਿਹਾ ਹੈ। ਮੇਰਾ ਮੁੰਡਾ ਬੀਮਾਰ ਪਿਆ ਹੈ, ਮੇਰੀ ਪਤਨੀ ਦੁਰਵਿਹਾਰ ਕਰ ਰਹੀ ਹੈ, ਧੰਦਾ ਠੀਕ ਨਹੀਂ ਚੱਲ ਰਿਹਾ...ਅਤੇ ਤੁਸੀਂ ਆਪਣੀ ਸ਼ਿਕਾਇਤਾਂ ਨੂੰ ਬਹੁਤ ਵਧਾ ਲੈਂਦੇ ਹੋ। ਤੁਹਾਡੀਆਂ ਸ਼ਿਕਾਇਤਾਂ ਦਾ ਅੰਤਿਮ ਜੋੜ ਇਹ ਹੁੰਦਾ ਹੈ, ਕਿ ਤੁਸੀਂ ਕਹਿੰਦੇ ਹੋ, ਤੂੰ ਹੈ ਹੀ ਨਹੀਂ, ਤੂੰ ਜੇਕਰ ਹੈ, ਤਾਂ ਇਹ ਖ਼ਾਹਿਸ਼ਾਂ ਪੂਰੀਆਂ ਕਰ।

ਨਾਸਤਿਕਤਾ ਦਾ ਅਰਥ ਹੈ ਤੁਹਾਡੀਆਂ ਸ਼ਿਕਾਇਤਾਂ ਇਨੀਆਂ ਵੱਧ ਗਈਆਂ, ਕਿ ਹੁਣ ਤੁਸੀ ਪਰਮਾਤਮਾ ਨੂੰ ਮੰਨ ਨਹੀਂ ਸਕਦੇ। ਤੁਸੀਂ ਆਪਣੀਆਂ ਸ਼ਿਕਾਇਤਾਂ ਦੇ ਕਾਰਣ ਪਰਮਾਤਮਾ ਦੀ ਹੱਤਿਆ ਕਰ ਦੇਂਦੇ ਹੋ।

ਆਸਤਿਕਤਾ ਦਾ ਅਰਥ ਹੈ, ਤੁਹਾਡਾ ਧੰਨਵਾਦ ਇਨਾਂ ਵੱਧ ਗਿਆ, ਤੁਸੀਂ ਸ਼ੁਕਰਾਨੇ ਨਾਲ ਏਨੇ ਭਰ ਗਏ, ਕਿ ਉਹ ਤੁਹਾਨੂੰ ਸਾਰੇ ਪਾਸੇ ਵਿਖਾਈ ਦੇਣ ਲੱਗ ਪੈਂਦਾ ਹੈ। ਹਰ ਪਾਸੇ ਉਸਦਾ ਹੱਥ, ਹਰ ਥਾਂ ਉਸਦੀ ਹੋਂਦ, ਹਰ ਥਾਂ ਉਸਦਾ ਆਭਾਸ ਹੋਣ ਲੱਗਦਾ ਹੈ। ਆਸਤਿਕਤਾ ਧਰਮ ਦੀ ਪਰਮ-ਸਥਿਤੀ ਹੈ। ਨਾਸਤਿਕਤਾ ਸ਼ਿਕਾਇਤ ਦਾ ਰਸਾਤਲ ਹੈ।

ਜੁਗਾਂ-ਜੁਗਾਂ ਤੋਂ ਤੁਸੀਂ ਭੋਗ ਰਹੇ ਹੋ। ਅਨੇਕਾਂ ਤਰੀਕਿਆਂ ਨਾਲ ਤੁਸੀਂ ਭੋਗਦੇ ਹੋ, ਤੁਸੀਂ ਇੱਕ ਵਾਰੀ ਵੀ ਅਕਾਸ਼ ਵੱਲ ਅੱਖ ਚੁੱਕ ਕੇ ਨਹੀਂ ਕਿਹਾ ਕਿ ਮੈ ਧੰਨਭਾਗੀ ਹਾਂ ਅਤੇ ਤੂੰ ਜੋ ਦਿੱਤਾ ਹੈ ਉਹ ਅਪਰੰਪਾਰ ਹੈ। ਜਦ ਵੀ ਤੁਸੀਂ ਗਏ ਸ਼ਿਕਾਇਤ ਲੈ ਕੇ ਗਏ, ਨਾਰਾਜ਼ਗੀ ਜਾਹਿਰ ਕੀਤੀ, ਕਿ ਮੇਰੀ ਯੋਗਤਾ ਤਾਂ ਬਹੁਤੀ ਹੈ ਪਰ ਮਿਲਿਆ ਘੱਟ ਹੈ। ਲਿਆਕਤ ਤੁਹਾਨੂੰ ਸਦਾ ਬਹੁਤ ਮਾਲੂਮ ਹੁੰਦੀ ਹੈ। ਇਹ ਅਧਾਰਮਿਕ ਆਦਮੀ ਦੇ ਲੱਛਣ ਹਨ।

ਧਾਰਮਿਕ ਆਦਮੀ ਦਾ ਲੱਛਣ ਇਹ ਹੈ ਜੋ ਮਿਲ ਜਾਏ ਉਹ ਮੇਰੀ ਲਿਆਕਤ ਤੋਂ ਬਹੁਤਾ ਹੈ। ਜ਼ਰਾ ਸੋਚੋ! ਜੋ ਤੁਹਾਨੂੰ ਮਿਲਿਆ ਹੈ, ਤੁਹਾਡੀ ਲਿਆਕਤ ਨਾਲੋਂ ਬਹੁਤਾ ਹੈ ਜਾਂ ਘੱਟ? ਉਹ ਹਮੇਸ਼ਾਂ ਹੀ ਜਿਆਦਾ ਹੈ ਕਿਉਂਕਿ ਅਸੀਂ ਕੁਝ ਵੀ ਅਰਜਿਤ ਨਹੀਂ ਕੀਤਾ ਹੈ।

ਉਹ ਹੁਕਮ ਨਾਲ ਦੁਨੀਆਂ ਨੂੰ ਚਲਾ ਰਿਹਾ ਹੈ। ਪਰ ਇਹ ਹੁਕਮ ਦੇ ਸੰਚਾਲਣ ਨਾਲ ਉਹ ਹੁਕਮੀ ਕਿਸੇ ਲਿਪਾਏਮਾਨਤਾ, ਜਾਂ ਕਿਸੀ ਸੋਚ, ਫ਼ਿਕਰ ਵਿੱਚ ਗ੍ਰਸਿਆ ਨਹੀਂ ਜਾਂਦਾ। ਉਹ ਸਦਾ ਬੇਪਰਵਾਹ, ਨਿਰਲੇਪ ਤੇ ਅੰਨਦਿਤ ਰਹਿੰਦਾ ਹੈ।

ਪਰਮਾਤਮਾ ਨੂੰ ਸਾਰੇ ਸੰਸਾਰ ਦੀ ਪਰਵਾਹ ਹੈ ਲੇਕਿਨ ਉਸਦੀ ਪਰਵਾਹ ਬੇਲਾਗ ਹੈ। ਇਸ ਲਈ ਤਾਂ ਉਹ ਆਨੰਦ ਵਿੱਚ ਹੈ। ਨਹੀਂ ਤਾਂ ਹੁਣ ਤੱਕ ਕਿਹੜੀ ਹਾਲਤ ਵਿੱਚ ਹੋ ਜਾਂਦਾ। ਜ਼ਰਾ ਸੋਚੋ, ਤੁਹਾਡੇ ਵਰਗੇ ਕਿੰਨੇ ਲੋਕੀ, ਕਿੰਨੇ ਤਰਾਂ ਦੇ ਉਪੱਦਰ, ਪਰਮਾਤਮਾ ਇੱਕ ਅਤੇ ਤੁਸੀਂ ਅਨੇਕ, ਤੁਸੀਂ ਉਸਨੂੰ ਕਦੋਂ ਦਾ ਪਾਗਲ ਕਰ ਦਿੱਤਾ ਹੁੰਦਾ।

ਇਸ ਸੰਸਾਰ ਸਮੁੰਦਰ ਵਿੱਚੋਂ ਤਰਨ ਦਾ ਇਹ ਵੀ ਇੱਕ ਸਾਧਨ ਹੈ, ਕਿ ਫ਼ਿਕਰ ਵੀ ਕਰਦੇ ਰਹੋ ਅਤੇ ਬੇ-ਫ਼ਿਕਰੀ ਵੀ। ਬਾਹਰ-ਬਾਹਰ ਸੱਭ ਕੁਝ ਕਰਦੇ ਰਹੋ ਅੰਦਰ-ਅੰਦਰ ਕੁਝ ਨਹੀਂ ਛੂਹੰਦਾ। ਬੱਚਾ ਬਿਮਾਰ ਹੈ, ਪੂਰੀ ਚਿੰਤਾ ਲਓ, ਡਾਕਟਰ ਕੋਲ ਲੈ ਜਾਓ, ਦਵਾਈ ਦਿਓ, ਹੋਰ ਜੋ ਕੁਝ ਵੀ ਬਣ ਸਕਦਾ ਹੈ ਕਰੋ ਪਰ ਉਸਦੇ ਨਤੀਜੇ ਤੋਂ ਬੇ-ਫ਼ਿਕਰ ਹੋ ਜਾਓ। ਜੇ ਠੀਕ ਹੋ ਗਿਆ, ਬਹੁਤ ਚੰਗਾ, ਜੇ ਨਹੀਂ ਹੋਇਆ ਤਾਂ ਹੋਰ ਵੀ ਚੰਗਾ। ਕਿਉਂਕਿ ਤੁਹਾਡੇ ਚਿੰਤਿਤ ਹੋਣ ਨਾਲ ਨਤੀਜਾ ਨਹੀਂ ਬਦਲੇਗਾ ਤਾਂ ਫਿਰ ਚਿੰਤਾ ਕਿਸ ਗੱਲ ਦੀ।

ਬਾਹਰ-ਬਾਹਰ ਸੰਸਾਰ ਵਿੱਚ, ਅੰਦਰ-ਅੰਦਰ ਪਰਮਾਤਮਾ ਵਿੱਚ। ਪ੍ਰਭਾ ਮੰਡਲ ਛੂੰਹਦੀ ਰਹੇ ਸੰਸਾਰ ਨੂੰ ਕੇਂਦਰ ਬਣਿਆ ਰਹੇ ਅਛੂਤਾ। ਇਹ ਹੀ ਸਾਰ ਹੈ।

# LESSON 3

Central Idea: Commendable, Laudable, Unfathomed, Carefree…

The definitions of God have countless versions but all are inconclusive. How can man who himself incomplete define the complete? So those who can sing, sing of His attributes, and yet the invisible remains unknowable. We have not been able to define Him completely till now because all these are limited man's efforts so that his inner self get influenced to be imbued with the color of Lord's love.

There is no end to His attributes. The unsaid attributes trails behind even if saying it millions of times. Guru Nanak says that all the viewpoints are correct but none is complete. In spite of saying in a million of ways, there is much more left to be described as the God is unfathomed.

The bestower gives, gives and gives while the receiver collapse with exhaustion. It is He who gives life. It is He who breathes in your breath. It is He who pulsates in every heartbeat. He keeps on giving…giving. There is no end to His giving. And He asks for nothing in return. We have done nothing to earn this vast existence. We have not asked for, yet attained unasked and undeserved. But we do not express gratefulness. When you have a realization that what's your own worthiness for all you have received? And what is worth that makes you eligible for life? How have you earned it? For insignificant things you are ready to say thank you, in case your handkerchief drops and someone picks it up for you, you say thanks. But you have no words of thanks for the one who has given you life. If you ever go to pray, it is always a complaint. You tell Him of all whatsoever wrong He is doing. My son is ill, my wife does not treat me well, and my business is falling…and you exaggerate your complaints so! The sum total of all your complaints is that you want to convey, You are not there. And if You are there, satisfy my desires!

Atheism means that your complaints have exaggerated to such an extent that you can no longer believe there is a God. Your complaints assassinate God.

The meaning of theism is that, you are so filled with gratitude and thanksgiving that you see Him all around. Everywhere you see His hand, His reflection, His presence. Theism is the peak of thanksgiving; atheism, the nadir of complaints.

Throughout the ages you have been enjoying His bounty. You enjoy in several ways, but never has a word of thankfulness risen from your heart to proclaim how grateful you are that all You have given is boundless. Whenever you have spoken, it has always been to express your dissatisfaction, resentment emphasizing your worthiness and minimizing what you received. You think worthy of more and more. These are the characteristics of an irreligious person.

The sign of a religious person is that whatever I have received is beyond my worth. Think it over! Whatever life has given you – is it more or less than what you deserve? It is always more – much more because we have done nothing to earn that we have attained.

He governs the world through His commands. But by commanding and managing all the affairs He is not clinging, or concerned, anxious about His commands. He is forever carefree, unattached and in a bliss.

God is concerned about the whole world. But His concern is unaffected by you. That's why He is in bliss. Otherwise what state He would have been in by now? Imagine! He would surely have gone

mad with all the people there like you and what trouble they are creating all around, God is one and you are so many, you would have pushed into madness long ago.

This is also the one of way to cross over the world-ocean, to be concerned and yet free from anxiety. Outwardly you do everything required of you but nothing attaches to you inside. If the child is ill, take care of him with all the medical care he requires, do whatever possible you can do but remain unconcerned about the outcome. If he cures, it is good; if not then it is much better. Because your anxiety will not change the outcome, what value is there in disturbing or destroying your internal carefreeness?

Outwardly be in the world, inwardly be in God. Let the outer physical boundary be in contact with the world, yet the center remains untouched. This is the essence.